**SET – 4**

| | |
|---|---|
| ਸੀਰੀਜ : **Series :** | **TYM** |

**ਕੋਡ ਨੰ.**
**Code No.** **6**

**ਰੋਲ ਨੰਬਰ**
**Roll No.**

ਪ੍ਰੀਖਿਆਰਥੀ ਆਪਣੀ ਉੱਤਰ ਪੁਸਤਿਕਾ ਦੇ ਮੁਖ ਪੰਨੇ ਉਤੇ ਕੋਡ ਨੰਬਰ ਜਰੂਰ ਲਿੱਖਣ ।
Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **4** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 80*

*Time allowed : 3 hours* *Maximum Marks : 80*

**ਨੋਟ** : ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ–ਖੁੱਲ੍ਹੀ ਕਰਨ ਦਾ ਜਤਨ ਕਰੋ ।

**'ਪੜ੍ਹਨ ਕੌਸ਼ਲ'**

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਕੁਦਰਤ ਵਿੱਚ ਕਾਹਲ ਬਿਲਕੁਲ ਨਹੀਂ । ਕੁਦਰਤ ਦੇ ਭੇਦਾਂ ਨੂੰ ਲਭਣ ਵਾਲੇ ਖੋਜੀ ਇਹ ਦਸਦੇ ਹਨ ਕਿ ਇਹ ਸਾਰੀ ਸ੍ਰਿਸ਼ਟੀ ਇੱਕ ਦਿਨ ਵਿੱਚ ਪੈਦਾ ਨਹੀਂ ਹੋਈ । ਅੱਗ ਦੇ ਗੋਲੇ, ਸੂਰਜ ਤੋਂ ਟੁੱਟ ਕੇ ਲੱਖਾਂ ਸਾਲਾਂ ਵਿੱਚ ਠੰਡੇ ਹੋਣ ਤੋਂ ਬਾਅਦ ਹੌਲੀ ਹੌਲੀ ਇੱਥੇ ਬਨਸਪਤੀ ਅਤੇ ਜੀਵ–ਜੰਤੂ ਪੈਦਾ ਹੋਏ । ਵਰਤਮਾਨ ਯੁੱਗ ਵਿੱਚ ਮਨੁੱਖ ਦੇ ਜੀਵਨ ਵਿੱਚ ਕਾਹਲੇਪਨ ਦੀ ਰੁੱਚੀ ਪੈਦਾ ਹੋ ਗਈ ਹੈ ।

ਇਹ ਕਾਹਲ ਅਤੇ ਬੇਸਬਰਾਪਨ ਉਸ ਨੂੰ ਬੇਚੈਨ ਕਰ ਰਿਹਾ ਹੈ । ਅੱਜ ਪੂੰਜੀਵਾਦੀ ਦੌਰਵਿੱਚ ਜਿਉਣ ਵਾਲਾ ਮਨੁੱਖ ਅਸੰਤੋਖ ਅਰਾਜਕਤਾ, ਕਤਲੋਗਾਰਤ ਅਤੇ ਨਸ਼ਿਆਂ ਵਿੱਚ ਪੈ ਕੇ ਆਤਮਘਾਤ ਦੇ ਰਾਹ ਤੁਰ ਪਿਆਹੈ । ਉਸ ਦੀ ਇਛਾਵਾਂ ਵਧਦੀਆਂ ਜਾ ਰਹੀਆਂ ਹਨ, ਜਿਸ ਕਰਕੇ ਉਹ ਹਰ ਕੰਮ ਵਿੱਚ ਕਾਹਲੀ ਕਰ ਰਿਹਾ ਹੈ । ਇਹ ਛੇਤੀ ਤੋਂ ਛੇਤੀ ਅਮੀਰ ਹੋਣਾ ਚਾਹੁੰਦਾ ਹੈ । ਇਸ ਲਈ ਚੋਰ ਬਾਜਾਰੀ, ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਵਰਗੀਆਂ ਬੁਰਾਈਆਂ ਦਾ ਸ਼ਿਕਾਰ ਹੋ ਰਿਹਾ ਹੈ । ਇਹ ਸਾਰਾ ਕੁੱਝ ਉਸਦੀ ਕਾਹਲੀ ਨਾਲ ਅਮੀਰ ਬਣ ਜਾਣ ਦੀ ਲੋਚਾ ਦਾ ਹੀ ਸਿੱਟਾ ਹੈ ।"

**ਪ੍ਰਸ਼ਨ** :

(A) ਕੁਦਰਤ ਦੇ ਭੇਤਾਂ ਨੂੰ ਲਭਣ ਵਾਲੇ ਖੋਜੀ ਕੀ ਕੀ ਦਸਦੇ ਹਨ ?

(B) ਵਰਤਮਾਨ ਯੁੱਗ ਵਿੱਚ ਮਨੁੱਖ ਦੇ ਜੀਵਨ ਵਿੱਚ ਕਿਸ ਤਰ੍ਹਾਂ ਦੀ ਰੁੱਚੀ ਪੈਦਾ ਹੋ ਗਈ ਹੈ ? ਇਹ ਰੁੱਚੀ ਉਸ ਨੂੰ ਕੀ ਕਰ ਰਹੀ ਹੈ ?

(C) ਅੱਜ ਦੇ ਪੂੰਜੀਵਾਦੀ ਦੌਰ ਵਿੱਚ ਜਿਉਣ ਵਾਲਾ ਮਨੁੱਖ ਕਿਸ ਰਾਹ ਤੇ ਤੁਰ ਪਿਆ ਹੈ ?

(D) ਮਨੁੱਖ ਛੇਤੀ ਤੋਂ ਛੇਤੀ ਕੀ ਹੋਣਾ ਚਾਹੁੰਦਾ ਹੈ ? ਉਸ ਲਈ ਉਹ ਕਿਨ੍ਹਾਂ ਬੁਰਾਈਆਂ ਦਾ ਸ਼ਿਕਾਰ ਹੋਗਿਆ ਹੈ ?

(E) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ । **2 + 2 + 2 + 2 + 1 = 9**

2. ਹੇਠ ਲਿਖੀ ਕਾਵਿ–ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਹਿੰਦੂ, ਮੋਮਨ, ਸਿੱਖ ਈਸਾਈ
ਸਾਰੇ ਜਾਪਣ ਭਾਈ ਭਾਈ
ਦਸਤਕਾਰ, ਕਿਰਤੀ, ਕਿਰਸਾਨ
ਸਾਂਝੀ ਰੋਟੀ ਵੰਡ ਕੇ ਖਾਣ ।
ਭੁੱਖ ਨੰਗ, ਚਿੰਤਾ ਬੇਕਾਰੀ,
ਹੱਟ ਜਾਏ ਧੜਕੇ ਦੀ ਬਿਮਾਰੀ
ਘੁਲ ਮਿਲ ਜਾਵਣ ਧਰਮ ਇਮਾਨ
ਸੱਚ ਮੁੱਚ ਦਾ ਇਨਸਾਨਸਤਾਨ ।"

**ਪ੍ਰਸ਼ਨ** :

(A) ਕਵੀ ਹਿੰਦੂ, ਮੁਸਲਮਾਨ, ਸਿੱਖ ਅਤੇ ਈਸਾਈਆਂ ਵਿੱਚ ਕਿਸ ਤਰ੍ਹਾਂ ਦਾ ਪਰਸਪਰ ਰਿਸ਼ਤਾ ਵੇਖਣਾ ਚਾਹੁੰਦਾ ਹੈ ?

(B) ਕਵੀ ਕਿਹੜੀਆਂ ਬੁਰਾਈਆਂ ਦੇ ਖ਼ਤਮ ਹੋਣ ਦੀਂ ਇੱਛਾ ਕਰਦਾ ਹੈ ?

(C) ਕਵੀ ਧੜਕੇ (ਖਤਰੇ) ਦੀ ਬੀਮਾਰੀ ਦੂਰ ਕਰਨ ਲਈ ਕੀ ਕੀ ਇਲਾਜ ਚਾਹੁੰਦਾ ਹੈ ? **3 × 2 = 6**

**'ਵਿਆਕਰਨ'**

3. (i) 'ਆਪਣਾ–ਪਰਾਇਆ' ਸਮਾਸੀ ਸ਼ਬਦ ਲਈ ਹੇਠ ਲਿਖੇ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣੋ :

(A) ਆਪਣਾ ਅਤੇ ਪਰਾਇਆ (B) ਆਪੋ ਆਪ ਨੇ ।

(C) ਆਪਣਾ ਹੀ ਪਰਾਇਆ (D) ਆਪਣਿਆ ਲਈ ।

(ii) ਵਿੱਦਿਆ ਦਾ ਦਾਨ ਸਾਰਿਆਂ ਤੋਂ ਵੱਡਾ ਦਾਨ ਹੈ । ਲਕੀਰੇ ਸ਼ਬਦ ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ :

(A) ਵਿਦਿਆ ਦਾਨੀ (B) ਵਿਦਿਆ–ਦਾਨ

(C) ਵਿਦਿਆ ਦਾਰੀ (D) ਧਾਨਵਿਦਿਆ **2**

4. (i) 'ਆਕੜ' ਸ਼ਬਦ ਦਾ ਬਹੁਅਰਥਕ ਕਿਹੜਾ ਨਹੀਂ ਹੈ ?

(A) ਪਸੀਨਾ, ਕਮਜੋਰੀ

(B) ਕਠੋਰ, ਅਭਿਮਾਨ

(C) ਲੜਨਲਈ ਤਿਆਰ ਹੋਣਾ, ਘਮੰਡ ਕਰਨਾ

(D) ਹੰਕਾਰ, ਸਖ਼ਤ

(ii) 'ਕਾਰ' ਸ਼ਬਦ ਦਾ ਬਹੁਅਰਥਕ ਸ਼ਬਦ ਚੁਣੋ :

(A) ਘਰ, ਮਕਾਨ (B) ਕੰਮ, ਕਾਜ

(C) ਕਲਾ, ਹੁਨਰ (D) ਚਿੱਠੀ, ਪੱਤਰ

(iii) 'ਕਰ' ਸ਼ਬਦ ਦਾ ਬਹੁ ਅਰਥਕ ਸ਼ਬਦ ਚੁਣੋ :

(A) ਟੈਕਸ, ਘਰ (B) ਕੰਮ, ਖਤ

(C) ਟੈਕਸ, ਹੱਥ (D) ਜਾਨਵਰ, ਕੰਮਚਰਨਾ **3**

5. ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਾਕੇ ਲਿਖੋ :
ਰਾਜੇ ਨੇ ਅਰਦਾਸ ਕਰਦਿਆਂ ਕਿਹਾ ਹੇ ਸਰਬਸ਼ਕਤੀ ਮਾਨ ਪਰਮਾਤਮਾ ਮੈਨੂੰ ਉਹ ਸ਼ਕਤੀ ਤੇ ਸਮਰੱਥਾ ਦੇ ਜਿਸ ਨਾਲ ਮੈਂ ਆਖਰੀ ਸਵਾਸਾਂ ਤੱਕ ਤਨ ਮਨ ਤੇ ਧਨ ਨਾਲ ਆਪਣੀ ਪਰਜਾ ਦੀ ਸੇਵਾ ਕਰਦਾ ਰਹਾਂ ਮੇਰੇ ਰਾਜ ਵਿਚੱ ਕੋਈ ਮਨੁੱਖ ਵੀ ਦੁਖੀ ਨਾ ਰਹੇ । **3**

6. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ –
(i) ਕੱਖ ਨਾ ਰਹਿਣਾ
(ii) ਖੂਨ ਸਫ਼ੇਦ ਹੋਣਾ
(iii) ਗਲਾ ਭਰ ਆਉਣਾ **3**

7. 'ਅਪ' ਅਤੇ 'ਕੁ' ਅਗੇਤਰ ਲਾਕੇ **ਦੋ ਦੋ** ਸ਼ਬਦ ਬਣਾਓ । **2**

8. 'ਆਵਟ' ਅਤੇ 'ਈਲਾ' ਪਿਛੇਤਰ ਲਾਕੇ **ਦੋ ਦੋ** ਸ਼ਬਦ ਬਣਾਓ । **2**

**'ਲਿਖਣ ਕੌਸ਼ਲ'**

9. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ **ਇੱਕ** ਭਾਵਪੂਰਤ ਲੇਖ ਲਿਖੋ । 'ਮੋਬਾਈਲਫੋਨ'
ਨੁਕਤੇ (i) ਮੋਬਾਈਲ ਫੋਨ ਦਾ ਚਮਤਕਾਰ (ii) ਹਰ ਘਰਵਿੱਚ ਕਈ ਕਈ ਫੋਨ (iii) ਮੋਬਾਈਲ ਦਾ ਇਤਿਹਾਸ (iv) ਮੁਬਾਈਲ ਦੇ ਲਾਭ ਅਤੇ ਨੁਕਸਾਨ ।

**ਜਾਂ**

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ"
ਨੁਕਤੇ : (i) ਗੁਰੂਬਾਣੀ ਦੇ ਬੋਲ (ii) ਮਿਠਤੁ ਸਥਾਈ ਸੁਹਿਰਦਤਾ (iii) ਨਿਮਰਤਾ ਦੀ ਨਿਸ਼ਾਨੀ (iv) ਸਿੱਟਾ । **10**

10. ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਬਿਹਾਰ ਵਿੱਚ ਆਏ ਹੜ੍ਹ (ਬਾੜ) ਨਾਲ ਮਾਰੇ ਗਏ ਅਤੇ ਉੱਜੜ ਗਏ ਲੋਕਾਂ ਦੀ ਸਹਾਇਤਾ ਲਈ ਅਪੀਲ ਕਰਨ ਲਈ ਪੱਤਰ ਲਿਖੋ ।
ਨੁਕਤੇ : (i) ਘਰੋਂ ਬੇ ਘਰ ਹੋ ਗਏ ਲੋਕ (ii) ਰੋਟੀ ਦੀ ਸਮੱਸਿਆ (iii) ਫ਼ੈਲ ਰਹੀ ਬੀਮਾਰੀ

**ਜਾਂ**

ਤੁਹਾਡੇ ਇਲਾਕੇ ਵਿੱਚ ਬਿਜਲੀ ਲਗਾਤਾਰ ਕਈ-ਕਈ ਘੰਟੇ ਨਹੀਂ ਆ ਰਹੀ । ਇਸ ਦੀ ਸੂਚਨਾ ਇਲਾਕੇ ਦੇ ਬਿਜਲੀ ਇੰਜੀਨੀਅਰ ਨੂੰ ਦਿਉ ਅਤੇ ਇਸ ਦਾ ਹੱਲ ਕੱਢਣ ਲਈ ਕਹੋ । **8**
ਨੁਕਤੇ : (i) ਸਥਾਨਕ ਛੋਟੇ ਅਧਿਕਾਰੀਆਂ ਦੀ ਲਾਪਰਵਾਹੀ
(ii) ਇਮਤਿਹਾਨਾਂ ਦੇ ਦਿਨ
(iii) ਰਾਤ ਨੂੰ ਹਨੇਰੇ ਕਾਰਣ ਵੱਧ ਰਹੇ ਅਪਰਾਧ

11. ਆਪ ਨੇ ਸਾਇਕਲ ਦਾ ਸ਼ੋ ਰੂਮ ਖੋਲ੍ਹਿਆ ਹੈ, ਇਸ ਲਈ ਆਦਰਸ਼ਕ ਇਸ਼ਤਿਹਾਰ ਤਿਆਰ ਕਰੋ ।

**ਜਾਂ**

ਹੇਠ ਦਿੱਤੀ ਤਸਵੀਰ ਨੂੰ ਵੇਖ ਕੇ ਲਗ ਭਗ 50-60 ਸ਼ਬਦਾਂ ਵਿੱਚ ਇਸ ਦਾ ਵਰਨਣ ਕਰੋ –



( **ਸਿਰਫ ਨੇਤਰਹੀਨ ਵਿਦਿਆਰਥੀਆਂ ਲਈ ।** )

'ਤੁਸੀਂ ਰੇਲ ਵਿੱਚ ਸਫਰ ਕਰ ਰਹੇ ਸੀ । ਰੇਲ ਤੋਂ ਉਤਰ ਜਾਣ ਪਿੱਛੋਂ ਪਤਾ ਚੱਲਿਆ ਕਿ ਛੋਟਾ ਬੈਗ ਕਿਤੇ ਡਿੱਗ ਪਿਆ ਹੈ । ਉਸ ਵਿੱਚ ਤੁਹਾਡਾ ਬਟੂਆ ਅਤੇ ਹੋਰ ਜ਼ਰੂਰੀ ਕਾਗ਼ਜ਼ਾਤ ਸਨ । ਇਸ ਲਈ ਅਖ਼ਬਾਰ ਵਿਚ ਛਪਣ ਲਈ ਖ਼ਬਰ ਬਣਾ ਕੇ ਲਿਖੋ ।' **7**

12. **ਪਾਠ-ਪੁਸਤਕਾਂ ਤੇ ਅਧਾਰਤ ਪ੍ਰਸ਼ਨ —**

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **ਇੱਕ ਵਾਕ** ਵਿੱਚ ਲਿਖੋ :

(A) ਰਜਨੀ ਨੇ ਸੱਪ ਨੂੰ ਕਿੱਥੇ ਭੇਜਣ ਲਈ ਬੇਨਤੀ ਕੀਤੀ ?

(B) ਮੀਨਾਕਸ਼ੀ ਦੇ ਮੱਮੀ-ਪਾਪਾ ਉਸ ਨੂੰ ਕਿਸ ਗੱਲ ਤੋਂ ਰੋਕਦੇ ਹਨ ?

(C) 'ਨੰਬਰ ਵਨ ਦੀ ਰੇਸ' ਲੇਖ ਅਨੁਸਾਰ ਕਿਸ ਦਾ ਕਾਲਾ ਮੌਸਮ ਆ ਗਿਆ ਹੈ ?

(D) ਮੁਟਿਆਰਾਂ ਕਿਹੋ ਜਿਹੇ ਗੀਤ ਗਾਉਂਦੀਆਂ ਹਨ ? **4 × 1 = 4**

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **30-40** ਸ਼ਬਦਾਂ ਵਿੱਚ ਲਿਖੋ :

(A) ਅਧਿਆਪਕ ਮੋਹਨ ਲਾਲ ਨੂੰ ਕਿਸਦਾ ਡਰ ਸੀ ?
(ਕਹਾਣੀ 'ਮੈਂ ਕਿਸੇ ਤੋਂ ਘੱਟ ਨਹੀਂ') ਦੇ ਆਧਾਰ ਤੇ ਲਿਖੋ ।

(B) ਬਾਰ੍ਹਵੀ ਜਮਾਤ ਦਾ ਨਤੀਜਾ ਆਉਣ ਉਪਰੰਤ ਮੀਨਾਕਸ਼ੀ ਦੇ ਮੰਮੀ ਪਾਪਾ ਉਸ ਨੂੰ ਕਿਥੋਂ ਲੈ ਕੇ ਆਏ ਸਨ । ਮੀਨਾਕਸ਼ੀ ਨੇ ਮਾਪਿਆਂ ਤੋਂ ਤੋਂਹਫੇ ਵਜੋਂ ਕਿਹੜੀ ਚੀਜ਼ ਮੰਗੀ ਸੀ ?

(C) ਵੰਦਨਾ ਪੌਦਿਆਂ ਨੂੰ ਪਾਣੀ ਦੇਣ ਲਾਈ ਕਿਉਂ ਤਿਆਰ ਹੋ ਗਈ ਸੀ ?

(D) ਬੀਬੀ ਭਾਨੀਜੀ ਕਿਹੜੇ ਗੁਣਾਂ ਦੇ ਧਾਰਨੀ ਸਨ ?

(E) ਚਾਰ ਸੌ ਮੀਟਰ ਦੀ ਦੌੜ ਵਿੱਚ ਪ੍ਰਸਿਧੀ ਹਾਸਲ ਕਰਨ ਲਈ ਮਿਲਖਾ ਸਿੰਘ ਨੂੰ ਕਿੰਨਾ ਕੁ ਅਭਿਆਸ ਕਰਨਾ ਪਿਆ ?

(F) ਡਾ: ਕਲਾਮ ਸਾਹਿਬ ਉੱਪਰ ਉਨ੍ਹਾਂ ਦੇ ਪਿਤਾ ਜੀ ਦੀਆਂ ਕਿਹੜੀਆਂ ਗੱਲਾਂ ਦਾ ਪ੍ਰਭਾਵ ਪਿਆ ? **6 × 2 = 12**

14. 'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਬਾਰੇ ਲਗਭਗ **100-125** ਸ਼ਬਦਾਂ ਵਿੱਚ ਲਿਖੋ :

**ਜਾਂ**

"'ਰੁੱਖ ਮਨੁੱਖੀ ਜੀਵਨ ਲਈ ਸਮਰਪਤ ਹਨ' ਇਸ ਕਥਨ ਦੀ ਪੁਸ਼ਟੀ ਕਰੋ । ਕਵੀ ਅਨੁਸਾਰ ਮਨੁੱਖ ਰੁਖਾਂ ਦਾ ਕਰਜ਼ਦਾਰ ਹੈ, ਇਨ੍ਹਾਂ ਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ ।"

ਉੱਤਰ **100-125** ਸ਼ਬਦਾਂ ਵਿੱਚ ਲਿਖੋ । **5**

15. **ਕਦਰਾਂ-ਕੀਮਤਾਂ**

'ਮਾਣ ਪੰਜਾਬੀ ਦਾ' ਕਵਿਤਾ ਵਿਚ ਕਵੀ ਨੂੰ ਮਾਣ ਤਾਂ ਇਸ ਬੋਲ ਦਾ ਹੈ, ਕਿ ਇਸ ਪੰਜਾਬੀ ਨੂੰ ਗੁਰੂਆਂ, ਸੂਫੀਆਂ, ਭਗਤਾਂ ਅਤੇ ਕਿੱਸਾ ਕਾਰਾਂ ਨੇ ਵਰੋਸਾਇਆ ਪਰ ਅੱਜ ਉਸ ਨੂੰ ਦੁੱਖ ਹੈ ਕਿ ਸਰਕਾਰੀ ਪੱਧਰ ਉੱਤੇ ਇਸ ਦਾ ਅਪਮਾਨ ਹੋ ਰਿਹਾ ਹੈ । ਕੀ ਅਸੀਂ ਕਵੀ ਦੀ ਧਾਰਨਾਂ ਨਾਲ ਸਹਿਮਤ ਹਾਂ ? ਉੱਤਰ ਲਗ-ਭਗ 80-100 ਸ਼ਬਦਾਂ ਵਿੱਚ ਲਿਖੋ । **4**